CAIR California Immunization Registry
Connected & Protected

# ਆਪਣੇ ਬੱਚੇ ਦੇ ਸਕੂਲੀ ਟੀਕਾਕਰਣ/ ਤਪਦਿਕ (ਟੀਬੀ) ਸਕਰੀਨਿੰਗ ਟੈਸਟ ਜਾਣਕਾਰੀ ਨੂੰ ਕੈਲੀਫੋਰਨੀਆਂ ਟੀਕਾਕਰਣ ਰਜਿਸਟਰੀ (ਸੀਏਆਈਆਰ) ਨਾਲ ਸਾਂਝਾ ਕਰਨ ਲਈ ਇਜਾਜ਼ਤ

ਟੀਕਾਕਰਣ ਜਾਂ 'ਸ਼ੌਟ' ਗੰਭੀਰ ਬਿਮਾਰੀਆਂ ਦੀ ਰੋਕਥਾਮ ਕਰਦੇ ਹਨ। ਤਪਦਿਕ (ਟੀਬੀ) ਸਕਰੀਨਿੰਗ ਟੈਸਟ ਇਹ ਜਾਣਨ ਵਿੱਚ ਮਦਦ ਕਰਦੇ ਹਨ ਕਿ ਕੀ ਤੁਹਾਨੂੰ ਟੀਬੀ ਸੰਕਰਮਣ ਤਾਂ ਨਹੀਂ ਜਾਂ ਹੋ ਸਕਦਾ ਹੋਵੇ ਅਤੇ ਜਿਸ ਦੀ ਸਕੂਲ ਐਂਟਰੀ ਲਈ ਜਰੂਰਤ ਪੈ ਸਕਦੀ ਹੈ। ਤੁਹਾਡੇ ਬੱਚੇ ਦੇ ਸ਼ੌਟ/ ਟੀਬੀ ਪ੍ਰੇਖਣਾਂ ਦਾ ਟ੍ਰੈਕ ਰੱਖਣਾਂ ਮੁਸ਼ਕਲ ਹੋ ਸਕਦਾ ਹੈ, ਵਿਸ਼ੇਸ਼ ਰੂਪ ਵਿੱਚ ਜੇਕਰ ਇੱਕ ਨਾਲੋਂ ਵੱਧ ਡਾਕਟਰ ਉਹ ਦਿੰਦਾ ਹੈ। ਕੈਲੀਫੋਰਨੀਆਂ ਟੀਕਾਕਰਣ ਰਜਿਸਟਰੀ (ਸੀਏਆਈਆਰ) ਇੱਕ ਸੁਰੱਖਿਅਤ ਕੰਪਿਊਟਰ ਪ੍ਰਣਾਲੀ ਹੈ ਜਿਸ ਦੀ ਡਾਕਟਰ ਅਤੇ ਪ੍ਰਮਾਣਿਤ ਸਿਹਤ ਚਿਕਿਤਸਾ ਪ੍ਰਦਾਤੇ ਤੁਹਾਡੇ ਬੱਚੇ ਦੇ ਸ਼ੌਟਾਂ ਅਤੇ ਟੀਬੀ ਪ੍ਰੇਖਣਾਂ ਦਾ ਟ੍ਰੈਕ ਕਰਨ ਲਈ ਵਰਤੋਂ ਕਰਦੇ ਹਨ। ਜੇਕਰ ਤੁਸੀਂ ਡਾਕਟਰ ਬਦਲਦੇ ਹੋ, ਤੁਹਾਡਾ ਨਵਾਂ ਡਾਕਟਰ ਤੁਹਾਡੇ ਬੱਚੇ ਦੇ ਸ਼ੌਟ/ਟੀਬੀ ਪ੍ਰੇਖਣ ਰਿਕਾਰਡ ਨੂੰ ਦੇਖਣ ਲਈ ਰਜਿਸਟਰੀ ਦੀ ਵਰਤੋਂ ਕਰ ਸਕਦਾ ਹੈ। ਸੀਏਆਈਆਰ ਨੂੰ ਪਬਲਿਕ ਹੈਲਥ ਦੇ ਕੈਲੀਫੋਰਨੀਆਂ ਵਿਭਾਗ ਦੁਆਰਾ ਸਮਰਥਨ ਪ੍ਰਾਪਤ ਹੈ।

## ਸੀਏਆਈਆਰ ਤੁਹਾਡੀ ਕਿਵੇਂ ਮਦਦ ਕਰਦਾ ਹੈ?

- ਤੁਹਾਡੇ ਬੱਚੇ ਦੇ ਸਾਰੇ ਸ਼ੌਟਾਂ ਅਤੇ ਟੀਬੀ ਪ੍ਰੇਖਣਾਂ (ਚਮੜੀ ਦੇ ਪ੍ਰੇਖਣ/ਛਾਤੀ ਦੇ ਐਕਸ-ਰੇ) ਦਾ ਟ੍ਰੈਕ ਰੱਖਣਾਂ, ਤਾਂ ਕਿ ਉਹ ਕਿਸੇ ਨੂੰ ਵੀ ਨਾ ਗੁਆਏ ਜਾਂ ਬਹੁਤ ਜਿਆਦਾ ਨਾ ਸੰਭਾਲਣਾਂ ਪਏ
- ਤੁਹਾਡੇ ਬੱਚੇ ਦੇ ਅੱਪ-ਟੂ-ਡੇਟ ਸ਼ੌਟ/ਟੀਬੀ ਟੈਸਟ ਰਿਕਾਰਡ (ਡਾਕਟਰ ਵਲੋਂ) ਦੀ ਇੱਕ ਨਕਲ ਤੁਹਾਨੂੰ ਪ੍ਰਦਾਨ ਕਰਦਾ ਹੈ
- ਚਾਈਲਡ ਕੇਅਰ ਜਾਂ ਸਕੂਲ ਦੇ ਅਧਿਕਾਰੀਆਂ ਦੀ ਇਹ ਸੁਨਿਸ਼ਚਿਤ ਕਰਨ ਵਿੱਚ ਮਦਦ ਕਰਦਾ ਹੈ ਕਿ ਤੁਹਾਡੇ ਬੱਚੇ ਨੇ ਚਾਈਲਡ ਕੇਅਰ ਜਾਂ ਸਕੂਲ ਦੀ ਸ਼ੁਰੂਆਤ ਕਰਨ ਲਈ ਲੋੜੀਂਦੇ ਸ਼ੌਟ/ਟੀਬੀ ਟੈਸਟ ਪ੍ਰਾਪਤ ਕਰ ਲਏ ਹਨ
- ਤੁਹਾਡੇ ਡਾਕਟਰ ਦੀ ਤੁਹਾਨੂੰ ਯਾਦ-ਪੱਤਰ ਭੇਜਣ ਵਿੱਚ ਮਦਦ ਕਰਦਾ ਹੈ ਉਸ ਵੇਲੇ ਜਦੋਂ ਤੁਹਾਡੇ ਬੱਚੇ ਨੂੰ ਸ਼ੌਟਾਂ ਦੀ ਲੋੜ ਹੁੰਦੀ ਹੈ

## ਸੀਏਆਈਆਰ ਤੁਹਾਡੇ ਸਕੂਲ ਦੀ ਮਦਦ ਕਿਵੇਂ ਕਰਦਾ ਹੈ?

ਕੈਲੀਫੋਰਨੀਆਂ ਕਾਨੂੰਨ ਤਹਿਤ, ਸਕੂਲ, ਚਾਈਲਡ ਕੇਅਰ ਅਤੇ ਦੂਜੀਆਂ ਏਜੰਸੀਆਂ ਕੇਵਲ ਇਨ੍ਹਾਂ ਲਈ ਹੀ ਸੀਏਆਈਆਰ ਦੀ ਵਰਤੋਂ ਕਰ ਸਕਦੀਆਂ ਹਨ:

- ਇਹ ਦੇਖਣਾਂ ਕਿ ਕਿਹੜੇ ਸ਼ੌਟ/ਟੀਬੀ ਟੈਸਟ ਬੱਚਿਆਂ ਨੇ ਆਪਣੇ ਪ੍ਰੋਗਰਾਮਾਂ ਵਿੱਚ ਪ੍ਰਾਪਤ ਕੀਤੇ ਹਨ ਜਾਂ ਪ੍ਰਾਪਤ ਕਰਨ ਦੀ ਜ਼ਰੂਰਤ ਹੈ
- ਇਹ ਯਕੀਨੀ ਬਣਾਉਣਾਂ ਕਿ ਬੱਚਿਆਂ ਨੇ ਚਾਈਲਡ ਕੇਅਰ ਜਾਂ ਸਕੂਲ ਦੀ ਸ਼ੁਰੂਆਤ ਕਰਨ ਲਈ ਲੋੜੀਂਦੇ ਸਾਰੇ ਸ਼ੌਟ/ਟੀਬੀ ਟੈਸਟ ਪ੍ਰਾਪਤ ਕਰ ਲਏ ਹਨ

## ਸੀਏਆਈਆਰ ਵਿੱਚ ਕਿਹੜੀ ਜਾਣਕਾਰੀ ਨੂੰ ਸਾਂਝਾ ਕੀਤਾ ਜਾ ਸਕਦਾ ਹੈ?

- ਤੁਹਾਡੇ ਬੱਚੇ ਦਾ ਨਾਮ, ਲਿੰਗ, ਜਨਮ ਮਿਤੀ, ਅਤੇ ਜਨਮ ਸਥਾਨ
- ਮਾਤਾ-ਪਿਤਾ ਜਾਂ ਵਾਰਸਾਂ ਦੇ ਨਾਮ
- ਤੁਹਾਡੇ ਬੱਚੇ ਦੇ ਸ਼ੌਟਾਂ/ਟੀਬੀ ਪ੍ਰੇਖਣਾਂ ਬਾਰੇ ਵੇਰਵੇ, ਜਿਵੇਂ ਕਿ ਟੀਕੇ ਦੀ ਕਿਸਮ/ਟੀਬੀ ਟੈਸਟ ਅਤੇ ਦਿੱਤੀ ਗਈ ਮਿਤੀ
- ਤੁਹਾਡੇ ਬੱਚੇ ਦੀ ਸਹੀ ਪਹਿਚਾਣ ਕਰਨ ਲਈ ਸੀਮਿਤ ਗੈਰ-ਮੈਡੀਕਲ ਜਾਣਕਾਰੀ

ਤੁਹਾਡੇ ਬੱਚੇ ਦੀ ਜਾਣਕਾਰੀ ਸੁਰੱਖਿਅਤ ਹੈ! ਜੋ ਕੁੱਝ ਵੀ ਸੀਏਆਈਆਰ ਵਿਚ ਦਰਜ਼ ਕੀਤਾ ਕਿਆ ਹੈ ਉਸ ਨੂੰ ਵਿਅਕਤੀਗਤ ਮੈਡੀਕਲ ਜਾਣਕਾਰੀ ਵਜੋਂ ਲਿਆ ਜਾਂਦਾ ਹੈ। ਕੈਲੀਫੋਰਨੀਆਂ ਕਾਨੂੰਨ ਤਹਿਤ, ਕੇਵਲ ਤੁਹਾਡੇ ਡਾਕਟਰ ਦਾ ਦਫਤਰ, ਹੈਲਥ ਪਲਾਨ, ਜਾਂ ਲੋਕ ਸਿਹਤ ਵਿਭਾਗ ਹੀ ਤੁਹਾਡੇ ਪਤੇ ਅਤੇ ਫੋਨ ਨੰਬਰ ਨੂੰ ਦੇਖ ਸਕਦੇ ਹਨ। ਰਜਿਸਟਰੀ ਦੀ ਗਲਤ ਵਰਤੋਂ ਕਰਨ ਕਰਕੇ ਕਾਨੂੰਨ ਦੁਆਰਾ ਸਜਾ ਦਿੱਤੀ ਜਾ ਸਕਦੀ ਹੈ।

## ਮਾਤਾ-ਪਿਤਾ ਅਤੇ ਵਾਰਸਾਂ ਦੇ ਅਧਿਕਾਰ

ਇਹ ਕੁੱਝ ਕਰਨ ਲਈ ਤੁਹਾਡਾ ਕਾਨੂੰਨੀ ਹੱਕ ਹੈ:

- ਨਾਂਹ ਕਹੋ, ਜੇਕਰ ਤੁਸੀਂ ਆਪਣੇ ਬੱਚੇ ਦੇ ਸਕੂਲ ਰਿਕਾਰਡ ਤੋਂ ਸ਼ੌਟ/ਟੀਬੀ ਪ੍ਰੇਖਣ ਬਾਰੇ ਜਾਣਕਾਰੀ ਨੂੰ ਸੀਏਆਈਆਰ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੇ ਹੋ
- ਬਾਅਦ ਵਿੱਚ ਆਪਣਾ ਵਿਚਾਰ ਬਦਲਣਾਂ ਜੇਕਰ ਤੁਸੀਂ ਆਪਣੇ ਬੱਚੇ ਦੀ ਸ਼ੌਟ/ਟੀਬੀ ਟੈਸਟ ਜਾਣਕਾਰੀ ਨੂੰ ਸੀਏਆਈਆਰ ਨਾਲ ਸਾਂਝਾ ਕਰਨਾ ਬੰਦ ਜਾਂ ਸ਼ੁਰੂ ਕਰਨਾ ਚਾਹੁੰਦੇ ਹੋ
- ਸੀਏਆਈਆਰ ਵਿੱਚ ਆਪਣੇ ਬੱਚੇ ਦੇ ਸ਼ੌਟ/ਟੀਬੀ ਟੈਸਟ ਰਿਕਾਰਡ ਨੂੰ ਦੇਖੋ ਅਤੇ ਇਸ ਵਿੱਚ ਮਿਲਣ ਵਾਲੀ ਕਿਸੀ ਵੀ ਸੰਭਾਵਿਤ ਗਲਤੀ ਨੂੰ ਠੀਕ ਕਰਨ ਲਈ ਆਪਣੇ ਡਾਕਟਰ ਨੂੰ ਕਹੋ
- ਇਹ ਪਤਾ ਲਗਾਉਣਾਂ ਕਿ ਕਿਸ ਵਿਅਕਤੀ ਨੇ ਤੁਹਾਡੇ ਬੱਚੇ ਦੇ ਸੀਏਆਈਆਰ ਰਿਕਾਰਡ ਨੂੰ ਦੇਖਿਆ ਹੈ

**ਜੇਕਰ ਤੁਸੀਂ ਆਪਣੇ ਸਕੂਲ ਨੂੰ ਆਪਣੇ ਬੱਚੇ ਦੇ ਸਕੂਲ ਦੇ ਰਿਕਾਰਡ ਤੋਂ ਜਾਣਕਾਰੀ ਨੂੰ ਕੈਲੀਫੋਰਨੀਆਂ ਟੀਕਾਕਰਣ ਰਜਿਸਟਰੀ ਨਾਲ ਸਾਂਝਾ ਕਰਨ ਦੀ ਇਜਾਜ਼ਤ ਦੇਣਾਂ ਚਾਹੁੰਦੇ ਹੋ, ਕ੍ਰਿਪਾ ਕਰਕੇ ਹੇਠਾਂ ਦਸਤਖਤ ਕਰੋ ਅਤੇ ਮਿਤੀ ਪਾਓ। ਤੁਹਾਡੇ ਬੱਚੇ ਦਾ ਸਕੂਲ ਬਾਕੀ ਕੰਮ ਆਪ ਕਰੇਗਾ!**

| | |
|---|---|
| ______________________________ ਮਾਤਾ-ਪਿਤਾ/ਵਾਰਸ ਦੇ ਦਸਤਖਤ | ______________ ਅੱਜ ਦੀ ਮਿਤੀ |
| ______________________________ ਬੱਚੇ ਦਾ ਪੂਰਾ ਨਾਮ (ਕ੍ਰਿਪਾ ਕਰਕੇ ਛਾਪੋ) | _____/_____/_____/__________ ਬੱਚੇ ਦੀ ਜਨਮ ਮਿਤੀ (ਮਹੀਨਾ/ਦਿਨ/ਸਾਲ) |
| ______________________________ ਮਾਤਾ ਦਾ ਪਹਿਲੇ ਅਤੇ ਆਖਰੀ ਨਾਮ (ਕ੍ਰਿਪਾ ਕਰਕੇ ਛਾਪੋ) | ਬੱਚੇ ਦਾ ਲਿੰਗ: ਲੜਕਾ ਲੜਕੀ **(ਚੱਕਰ ਲਗਾਓ)** |

**ਜੇਕਰ ਤੁਸੀਂ ਆਪਣੇ ਬੱਚੇ ਦੇ ਸ਼ੌਟ/ਟੀਬੀ ਟੈਸਟ ਬਾਰੇ ਰਿਕਾਰਡਾਂ ਨੂੰ ਸੀਏਆਈਆਰ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੇ ਹੋ, ਕੁੱਝ ਵੀ ਨਾ ਕਰੋ। ਤੁਸੀਂ ਪੂਰਾ ਕਰ ਲਿਆ ਹੈ।**

ਹੋਰ ਜਾਣਕਾਰੀ ਲੈਣ ਲਈ, 800-578-7889 ਜਾਂ **CAIRHelpDesk@cdph.ca.gov** ਤੇ ਸੀਏਆਈਆਰ ਦੇ ਹੈਲਪ ਡੈਸਕ ਤੇ ਸੰਪਰਕ ਕਰੋ।